**International Journal of Research in Economics and Social Sciences(IJRESS)**
Available online at: http://euroasiapub.org
Vol. 8 Issue 4, April- 2018
ISSN(o): 2249-7382 | Impact Factor: 6.939
**(An open access scholarly, peer-reviewed, interdisciplinary, monthly, and fully refereed journal.)**

# ਸੰਤੋਖ ਸਿੰਘ ਧੀਰ ਦੀਆਂ ਕਹਾਣੀਆਂ ਵਿਚ ਮਰਦ ਪਾਤਰਾਂ ਦੀ ਭਾਸ਼ਾ ਦਾ ਸਮਾਜੀ ਵਿਸ਼ਲੇਸ਼ਣ

**ਡਾ. ਹਰਜਿੰਦਰ ਕੌਰ**
**ਅਸਿਸਟੈਂਟ ਪ੍ਰੋਫੈਸਰ, ਪੰਜਾਬੀ ਵਿਭਾਗ,**
**ਪਟੇਲ ਮੈਮੋਰੀਅਲ ਨੈਸ਼ਨਲ ਕਾਲਜ, ਰਾਜਪੁਰਾ**

ਮਨੁੱਖੀ ਸੰਚਾਰ ਦਾ ਮੁੱਖ ਸਾਧਨ ਭਾਸ਼ਾ ਹੈ। ਭਾਸ਼ਾ ਦੁਆਰਾ ਹੀ ਇਕ ਮਨੁੱਖ ਦੂਜੇ ਮਨੁੱਖ ਦੇ ਨੇੜੇ ਆਉਂਦਾ ਹੈ ਜਿਸ ਨਾਲ ਮਨੁੱਖੀ ਸਮਾਜ ਸਥਾਪਿਤ ਹੁੰਦਾ ਹੈ। ਸਮਾਜ ਨੂੰ ਜਿਸ ਤਰ੍ਹਾਂ ਦੇ ਭੂਗੋਲਿਕ ਚੌਗਿਰਦੇ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸੇ ਤਰ੍ਹਾਂ ਦਾ ਹੀ ਅਕਸ ਉਸ ਸਮਾਜ ਦੀ ਭਾਸ਼ਾ ਵਿਚ ਵੇਖਿਆ ਜਾ ਸਕਦਾ ਹੈ। ਕਹਾਣੀਕਾਰ ਨੇ ਜੋ ਗੱਲ ਕਹਿਣੀ ਹੁੰਦੀ ਹੈ ਉਹ ਪਾਤਰਾਂ ਦੇ ਮੂੰਹੋਂ ਹੀ ਅਖਵਾਉਂਦਾ ਹੈ ਜਾਂ ਉਨ੍ਹਾਂ ਪਾਤਰਾਂ ਦੇ ਕਾਰਜਾਂ ਤੋਂ ਸਪੱਸ਼ਟ ਕਰਦਾ ਹੈ। ਨਾਮਵਰ ਸਿੰਘ ਅਨੁਸਾਰ, ‘‘लेखक अपने व्यक्तित्व के माध्यम से समाज को ही अभिव्यक्त करता है। अभिव्यक्ति के लिए वह जिस भाषा, छन्द अथवा रूप का आश्रय लेता है। वह स्वयं समाज की परम्परा से प्रसूत है।”[1] ਸਮਾਜਿਕ ਢਾਂਚੇ ਦੇ ਵਿਕਾਸ ਤੇ ਬਦਲਾਅ ਵਿਚ ਭਾਸ਼ਾ ਅਹਿਮ ਰੋਲ ਅਦਾ ਕਰਦੀ ਹੈ। ਭਾਸ਼ਾ ਸਮਾਜ ਦਾ ਅੰਗ ਹੁੰਦੀ ਹੈ। ਭਾਸ਼ਾ ਤੋਂ ਬਿਨਾਂ ਸਮਾਜ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਧੀਰ ਦੀਆਂ ਕਹਾਣੀਆਂ ਵਿਚ ਪੇਸ਼ ਮਰਦ ਪਾਤਰ ਜਿਸ ਸਮਾਜ ਦੀ ਪੇਸ਼ਕਾਰੀ ਕਰ ਰਹੇ ਹਨ। ਉਹ ਸਾਮਰਾਜਵਾਦ ਸਮਾਜ ਹੈ। ਅਜਿਹੇ ਸਮਾਜ ਵਿਚ ਪਾਤਰ ਸ਼ੋਸ਼ਣ ਵਿਰੁੱਧ ਜੂਝ ਰਹੇ ਹਨ, ਬੇਇਨਸਾਫ਼ੀ ਵਿਰੁੱਧ ਲਾਮਬੰਦ ਹੋ ਰਹੇ ਹਨ। ਕਹਾਣੀਆਂ ਵਿਚਲੇ ਪਾਤਰਾਂ ਦੀਆਂ ਅਜਿਹੀਆਂ ਸਮਾਨਤਾਵਾਂ ਤੇ ਸਥਿਤੀਆਂ ਨੂੰ ਭਾਸ਼ਾ ਰਾਹੀਂ ਹੀ ਸਾਕਾਰ ਕੀਤਾ ਗਿਆ ਹੈ। ਸਮਾਜ ਭਾਸ਼ਾ ਵਿਗਿਆਨ ਦੇ ਪ੍ਰਤੀਮਾਨਾਂ ਦੁਆਰਾ ਕਹਾਣੀਆਂ ਵਿਚਲੇ ਮਰਦ ਪਾਤਰਾਂ ਦੀ ਭਾਸ਼ਾਈ ਵੱਖਰਤਾ ਨੂੰ ਪਛਾਣਿਆ ਗਿਆ ਹੈ।

**ਕਹਾਣੀਆਂ ਵਿਚ ਪੇਸ਼ ਮਰਦ ਪਾਤਰਾਂ ਦੀ ਭਾਸ਼ਾ** :-

ਭਾਸ਼ਾ ਸਮਾਜ ਦਾ ਜ਼ਰੂਰੀ ਅੰਗ ਹੈ। ਸਮਾਜ ਦੇ ਸਭਿਆਚਾਰ ਦੀ ਪੇਸ਼ਕਾਰੀ ਭਾਸ਼ਾ ਦੁਆਰਾ ਹੀ ਸੰਭਵ ਹੈ। ਧੀਰ ਦੀਆਂ ਕਹਾਣੀਆਂ ਵਿਚਲੇ ਮਰਦ ਪਾਤਰ ਭਿੰਨ-ਭਿੰਨ ਸ਼੍ਰੇਣੀ ਪੱਧਰਾਂ ਨਾਲ ਸੰਬੰਧਿਤ ਹਨ। ਜਸਪਾਲ ਸਿੰਘ ਹੰਜਰਾਅ ਅਨੁਸਾਰ, “ਮਨੁੱਖੀ ਸਮਾਜ ਵਿਚ ਹਮੇਸ਼ਾ ਦੋ ਵਰਗ ਪ੍ਰਬਲ ਹੁੰਦੇ ਹਨ। ਇਹ ਵਰਗ ਅਰਥ ਵਿਵਸਥਾ ਤੇ ਆਧਾਰਿਤ ਹੁੰਦੇ ਹਨ। ਇਕ ਆਰਥਕ ਪੱਖ ਤੋਂ ਤਾਕਤਵਰ ਹੁੰਦਾ ਹੈ ਤੇ ਦੂਜਾ ਕਮਜ਼ੋਰ। ਇਕ ਮਿਹਨਤ ਕਰਨ ਵਾਲਾ, ਉਤਪਾਦਨ ਕਰਨ ਵਾਲਾ ਤੇ ਦੂਜਾ ਵਿਹਲੜ, ਉਤਪਾਦਨ ਸਾਂਭਣ ਵਾਲਾ। ਇਕ ਸ਼ੋਸ਼ਿਤ ਵਰਗ ਤੇ ਦੂਜਾ ਸ਼ੋਸ਼ਕ ਵਰਗ। ਇਕ ਪਾਸੇ ਕਿਰਤੀ ਕਾਮੇ, ਮਜ਼ਦੂਰ ਤੇ ਕਿਸਾਨ ਹਨ, ਪਰ ਦੂਜੇ ਪਾਸੇ ਕਾਰਖਾਨੇਦਾਰ ਤੇ ਜਗੀਰਦਾਰ ਹਨ। ਇਹ ਦੋਵੇਂ ਵਰਗ ਇਕ ਦੂਜੇ ਦੇ ਵਿਰੁੱਧ ਹੁੰਦੇ ਹਨ। ਸਮਾਜ ਵਿਚ ਅਮੀਰ ਤਦ ਹੀ ਹੋ ਸਕਦਾ ਹੈ ਜੇ ਗਰੀਬ ਵੀ ਹੋਣ। ਕਾਰਖਾਨੇਦਾਰ, ਸਰਮਾਏਦਾਰ ਤਦ ਹੀ ਬਣਦਾ ਹੈ ਜੇਕਰ ਉਹ ਮਜ਼ਦੂਰਾਂ ਦਾ ਸ਼ੋਸ਼ਣ ਕਰਦਾ ਹੈ।”[2]

ਭਿੰਨ-ਭਿੰਨ ਸ਼੍ਰੇਣੀ ਪੱਧਰਾਂ ਦੇ ਪੱਖ ਤੋਂ ਪਾਤਰਾਂ ਦੁਆਰਾ ਬੋਲੀ ਜਾਂਦੀ ਭਾਸ਼ਾ ਵਿਚ ਵੀ ਵੰਨ-ਸੁਵੰਨਤਾ ਨਜ਼ਰ ਆਉਂਦੀ ਹੈ। ਧੀਰ ਦੀਆਂ ਜਿਆਦਾ ਕਹਾਣੀਆਂ ਪੇਂਡੂ ਸਮਾਜ ਨਾਲ ਸੰਬੰਧਿਤ ਹਨ।ਸ਼ਹਿਰੀ ਖੇਤਰ ਨਾਲ ਸੰਬੰਧਿਤ ਥੋੜੀਆਂ ਕਹਾਣੀਆਂ ਹੀ ਪ੍ਰਾਪਤ ਹੁੰਦੀਆਂ ਹਨ। ਸੁਖਦੇਵ ਸਿੰਘ ਖਾਹਰਾ ਅਨੁਸਾਰ, "ਆਰਥਿਕ-ਸਾਂਸਕ੍ਰਿਤਿਕ ਪੱਖੋਂ ਸਾਡਾ ਸਮਾਜ ਸ਼੍ਰੇਣਿਕ ਤੇ ਜਾਤਪਾਤੀ ਪ੍ਰਬੰਧ ਉੱਤੇ ਆਧਾਰਿਤ ਸਮਾਜ ਹੈ। ਇਸ ਵਿਚ ਸ਼੍ਰੇਣਿਕ-ਵੰਡ ਤੇ ਜਾਤੀਪਾਤੀ-ਵੰਡ ਇਕ ਦੂਜੀ ਵਿਚ ਬੁਣੀਆਂ ਹੋਈਆਂ ਤੇ ਪਰਸਪਰ ਆਸ਼ਰਿਤ ਹਨ। ਪੰਜਾਬ ਵਿਚ ਤਾਂ ਵਿਸ਼ੇਸ਼ ਕਰਕੇ ਇਹ ਦੋਵੇਂ ਵੰਡਾਂ ਇਕ ਦੂਜੀ ਦੇ ਸਮਾਨਾਂਤਰ ਕਾਰਜਸ਼ੀਲ ਹੁੰਦੀਆਂ ਹਨ। ਉੱਚ-ਸ਼੍ਰੇਣੀਆਂ/ਸਵਰਣ ਜਾਤੀਆਂ ਤੇ ਨਿਮਨ-ਸ਼੍ਰੇਣੀਆਂ/ਅਛੂਤ ਜਾਤੀਆਂ ਦੇ ਜੁੱਟਾਂ ਰਾਹੀਂ ਇਸ ਸਮਾਨਾਂਤਰਤਾ ਨੂੰ ਵੇਖਿਆ ਜਾ ਸਕਦਾ ਹੈ।"[3] ਪੇਂਡੂ ਸਮਾਜ ਵਿਚ ਸੰਪੰਨ ਸ਼੍ਰੇਣੀ ਨਾਲ ਸੰਬੰਧਿਤ ਮਰਦ ਪਾਤਰ ਜਿਸ ਤਰ੍ਹਾਂ ਦੀ ਭਾਸ਼ਾ ਉਚਾਰਦੇ ਹਨ। ਉਸ ਤਰ੍ਹਾਂ ਦੀ ਭਾਸ਼ਾ ਵਿਪੰਨ ਸ਼੍ਰੇਣੀ ਦੇ ਮਰਦ ਪਾਤਰ ਨਹੀਂ ਉਚਾਰ ਸਕਦੇ। ਅਮਰ ਤਰਸੇਮ ਅਨੁਸਾਰ, "ਸਮਾਜਿਕ ਸੰਗਠਨ ਦਾ ਇਕ ਆਧਾਰ ਆਰਥਿਕਤਾ ਹੈ। ਇਸ ਆਧਾਰ ਅਨੁਸਾਰ ਸਮਾਜ ਨੂੰ ਵਿਭਿੰਨ ਸ਼੍ਰੇਣੀਆਂ ਵਿਚ ਵੰਡ ਕੇ ਉਸ ਦਾ ਅਧਿਐਨ/ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਸ਼੍ਰੇਣੀ ਦੇ ਸੰਕਲਪ ਅਨੁਸਾਰ ਕਿਸੇ ਵੀ ਸਮੇਂ ਦੇ ਸਮਾਜ ਦੀਆਂ ਦੋ ਮੁੱਖ ਸ਼੍ਰੇਣੀਆਂ ਹੁੰਦੀਆਂ ਹਨ- ਸੰਪੰਨ ਸ਼੍ਰੇਣੀਆਂ ਅਤੇ ਵਿਪੰਨ ਸ਼੍ਰੇਣੀਆਂ। ਸੰਪੰਨ ਸ਼੍ਰੇਣੀਆਂ ਉਹ ਸ਼੍ਰੇਣੀਆਂ ਹਨ ਜਿਨ੍ਹਾਂ ਦੀ ਕਿਰਤ ਦੇ ਸੰਦਾਂ/ਸਾਧਨਾਂ ਉੱਤੇ ਮਾਲਕੀ ਹੈ। ਇਹ ਸ਼੍ਰੇਣੀਆਂ ਆਪ ਕਿਰਤ ਨਹੀਂ ਕਰਦੀਆਂ, ਸਗੋਂ ਵੱਖੋ-ਵੱਖਰੇ ਇਕਰਾਰਨਾਮਿਆਂ ਤਹਿਤ ਕਿਸੇ ਦੂਜੀ ਧਿਰ ਦੀ ਕਿਰਤ ਖ਼ਰੀਦਦੀਆਂ ਹਨ। ਸਨਅਤਕਾਰ, ਧਨੀ ਕਿਸਾਨੀ ਅਤੇ ਵਪਾਰੀ ਆਦਿ ਧਨੀ ਕਿਸਾਨੀ ਅਤੇ ਵਪਾਰੀ ਆਦਿ ਇਹਨਾਂ ਸ਼੍ਰੇਣੀਆਂ ਦਾ ਹਿੱਸਾ ਹਨ। ਦੂਜੇ ਪਾਸੇ ਵਿਪੰਨ ਸ਼੍ਰੇਣੀਆਂ ਉਹ ਸ਼੍ਰੇਣੀਆਂ ਹਨ, ਜਿਨ੍ਹਾਂ ਕੋਲ ਸੰਦਾਂ/ਸਾਧਨਾਂ ਦੀ ਕੋਈ ਮਾਲਕੀ ਨਹੀਂ ਹੈ। ਇਹ ਸ਼੍ਰੇਣੀਆਂ ਆਪਣੀ ਸਰੀਰਕ/ਬੌਧਿਕ ਕਿਰਤ-ਸ਼ਕਤੀ ਵੇਚ ਕੇ ਗੁਜ਼ਾਰਾ ਕਰਦੀਆਂ ਹਨ। ਇਉਂ ਵਿਪੰਨ ਸ਼੍ਰੇਣੀਆਂ ਲਾਜ਼ਮੀ ਤੌਰ 'ਤੇ ਕਿਸੇ ਦੂਜੇ ਲਈ ਕਿਰਤ ਸ਼ਕਤੀ ਵੇਚਣ ਵਾਲੀਆਂ ਸ਼੍ਰੇਣੀਆਂ ਹਨ। ਇਨ੍ਹਾਂ ਵਿਚ ਖੇਤ ਮਜ਼ਦੂਰ, ਸਨਅਤੀ ਮਜ਼ਦੂਰ, ਵਿਕੋਲਿਤਰੇ ਮਜ਼ਦੂਰ ਅਤੇ ਬੌਧਿਕ ਮਜ਼ਦੂਰ ਸ਼ਾਮਲ ਹਨ।"[4] ਉਪਰੋਕਤ ਵੰਡ ਨੂੰ ਆਧਾਰ ਬਣਾ ਕੇ ਹਥਲੇ ਖੋਜ ਪੱਤਰ ਵਿਚ ਧੀਰ ਦੀਆਂ ਕਹਾਣੀਆਂ ਵਿਚਲੇ ਮਰਦ ਪਾਤਰਾਂ ਦੀ ਭਾਸ਼ਾ ਦੇ ਸਮਾਜ ਭਾਸ਼ਾਈ ਵਖਰੇਵਿਆਂ ਦਾ ਅਧਿਐਨ ਕੀਤਾ ਜਾਵੇਗਾ।

**International Journal of Research in Economics and Social Sciences(IJRESS)**
Available online at: http://euroasiapub.org
Vol. 8 Issue 4, April- 2018
ISSN(o): 2249-7382 | Impact Factor: 6.939
**(An open access scholarly, peer-reviewed, interdisciplinary, monthly, and fully refereed journal.)**

**ਸੰਪੰਨ ਸ਼੍ਰੇਣੀ ਨਾਲ ਸੰਬੰਧਿਤ ਮਰਦ ਪਾਤਰਾਂ ਦੀ ਭਾਸ਼ਾ:**

ਕਿਸੇ ਵਿਅਕਤੀ ਦੀ ਆਰਥਿਕ ਸਥਿਤੀ ਉਸਦਾ ਸਮਾਜ ਵਿਚਲਾ ਦਰਜਾ ਨਿਸ਼ਚਿਤ ਕਰਨ ਵਿਚ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ। ਨਿਰਮਲ ਸਿੰਘ ਆਜ਼ਾਦ ਅਨੁਸਾਰ, "ਪੰਜਾਬ ਦੇ ਆਰਥਕ, ਸਮਾਜਕ, ਸਭਿਆਚਾਰਕ ਤੇ ਸਿਆਸੀ ਖੇਤਰਾਂ 'ਚ ਆਪਣੀ ਸਰਦਾਰੀ ਨੂੰ ਕਾਇਮ ਰੱਖਣ ਤੇ ਮਜ਼ਬੂਤ ਕਰਨ ਲਈ ਕਿਸਾਨ ਸਰਮਾਏਦਾਰੀ ਅਤੇ ਇਸ ਜਮਾਤ ਦੇ ਹਮਸਾਇਆ ਨੇ ਪੈਂਤੜਾ ਮਲਿਆ ਹੈ ਤਾਂ ਜੋ ਲੁੱਟ-ਖਸੁੱਟ ਦਾ ਆਰਥਕ ਆਧਾਰ ਤੇ ਇਸ 'ਤੇ ਨਿਰਭਰ ਪੈਦਾਵਾਰ ਦੇ ਜਮਾਤੀ ਰਿਸ਼ਤੇ ਕਾਇਮ ਰਹਿਣ।"[5] ਧੀਰ ਦੀਆਂ ਕਹਾਣੀਆਂ ਵਿਚ ਸੰਪੰਨ ਸ਼੍ਰੇਣੀ ਨਾਲ ਸੰਬੰਧਿਤ ਮਰਦ ਪਾਤਰਾਂ ਦੀ ਭਾਸ਼ਾ ਦੁਆਰਾ ਸਮਾਜ ਭਾਸ਼ਾਈ ਵਖਰੇਵੇਂ ਵੀ ਸਾਕਾਰ ਹੋਏ ਹਨ।

'ਜਦੋਂ ਛੱਲੀਆਂ ਹਸੀਆਂ' ਕਹਾਣੀ ਜਾਗੀਰਦਾਰ ਅਤੇ ਸਰਮਾਏਦਾਰੀ ਨਿਜ਼ਾਮ ਦੁਆਰਾ ਮੁਜ਼ਾਰਿਆਂ ਉੱਤੇ ਢਾਹੇ ਜ਼ੁਲਮ ਤੱਸ਼ਦਦ ਨੂੰ ਯਥਾਰਥਵਾਦੀ ਢੰਗ ਨਾਲ ਪੇਸ਼ ਕਰਦੀ ਹੈ। ਕਹਾਣੀ ਵਿਚਲੇ 'ਸਰਦਾਰ' ਹਜ਼ਾਰਾਂ ਬਿੱਘੇ ਜ਼ਮੀਨ ਦੇ ਮਾਲਕ ਹੁੰਦਿਆਂ ਵੀ ਕਦੇ ਧਰਤੀ ਦਾ ਇਕ ਸਿਆੜ ਤੱਕ ਆਪ ਨਹੀਂ ਕੱਢਦੇ। ਅਜਿਹੇ 'ਸਰਦਾਰ' ਪਾਤਰ ਦੇ ਬੋਲ ਸੰਪੰਨ ਸ਼੍ਰੇਣੀ ਨਾਲ ਸੰਬੰਧਿਤ ਮਰਦ ਪਾਤਰਾਂ ਦੇ ਭਾਸ਼ਾਈ ਵਖਰੇਵੇਂ ਨੂੰ ਸਾਕਾਰ ਕਰਦੇ ਹਨ।

> "ਫੱਤੂਆ, ਕੀ ਗੱਲ ਐ ਓਏ !
> ਫ਼ਸਲ ਕੁਝ ਭਰਵੀ ਨ੍ਹੀ ਉਤਰਦੀ?
> ਹੋਰ ਨੂੰ ਦੇ ਦੇਈਏ ਭੋਇੰ, ਜੇ ਕੰਮ ਵਿਚ ਦਿਲ ਨ੍ਹੀ ਰਿਹਾ?
> ਸ਼ੱਕਰ ਵਰਗੀ ਧਰਤੀ ਐ ਸਾਡੀ, ਜੇਹੜੀ ਮਲੀ ਬੈਠੈਂ?"[6]

(ਪੰਨਾ 105, ਸਤਰ 17, ਜਦੋਂ ਛੱਲੀਆਂ ਹਸੀਆਂ)

ਸੰਪੰਨ ਸ਼੍ਰੇਣੀ ਨਾਲ ਸੰਬੰਧਿਤ 'ਸਰਦਾਰ' ਵਿਪੰਨ ਸ਼੍ਰੇਣੀ ਦੇ 'ਫਤਿਹ ਸਿੰਘ' ਨੂੰ ਤਾੜਨਾ ਕਰਦਾ ਹੋਏ 'ਓਏ' ਸ਼ਬਦ ਨਾਲ ਵੰਗਾਰਦਾ ਹੈ ਜਿਸ ਅਧੀਨ ਪਿੰਡ ਦੇ 'ਸਰਦਾਰ' ਵਲੋਂ ਉਹਨਾਂ ਦੇ ਅਧੀਨ ਹੋ ਕੇ ਕੰਮ ਕਰਨ ਵਾਲਿਆਂ ਲਈ ਇਹ ਸ਼ਬਦ ਆਮ ਵਰਤਿਆ ਜਾਂਦਾ ਹੈ। 'ਸਰਦਾਰ' ਵਲੋਂ ਫ਼ਸਲ ਦੀ ਭਰਵੀਂ ਪੈਦਾਵਾਰ ਨਾ ਹੋਣ ਕਾਰਨ 'ਫਤਹਿ ਸਿੰਘ' ਦੀ ਮਿਹਨਤ ਤੇ ਸ਼ੱਕ ਕੀਤਾ ਜਾਂਦਾ ਹੈ। 'ਸਰਦਾਰ' ਨੇ ਆਪਣੀ ਜ਼ਮੀਨ ਦੀ ਤੁਲਨਾ 'ਸ਼ੱਕਰ' ਵਰਗੀ ਮਿਠਾਸ ਨਾਲ ਕੀਤੀ ਹੈ ਜੋ ਫ਼ਸਲ ਦੀ ਵਾਧੂ ਪੈਦਾਵਾਰ ਲਈ ਸਹਾਇਕ ਹੈ। 'ਸਰਦਾਰ' ਵਲੋਂ ਜ਼ਮੀਨ 'ਫਤਹਿ ਸਿੰਘ' ਨੂੰ ਨਾ ਦੇ ਕੇ ਕਿਸੇ ਹੋਰ ਨੂੰ ਦੇਣ ਦਾ ਡਰਾਵਾ ਦਿੱਤਾ ਜਾਂਦਾ ਹੈ ਜਿਸ ਉੱਤੇ 'ਫਤਹਿ ਸਿੰਘ' ਵਲੋਂ ਸਾਰੀ ਉਮਰ ਹੱਡ-ਭੰਨਵੀਂ ਮਿਹਨਤ ਕੀਤੀ ਜਾਂਦੀ ਹੈ।

> "ਤੇਜਿਆ, ਚਲ ਛਡ ਪੜ੍ਹਾਈਆਂ ਨੂੰ। ਮੇਰੇ ਵਿਚ ਹੁਣ ਸੱਤਿਆ ਨ੍ਹੀ ਹਲ ਵਾਹੁਣ ਦੀ, ਮੈਂ ਕੱਲਾ...।" ਪਰ ਤੇਜੇ ਨੇ ਜਦੋਂ ਹਿੰਡ ਨਾਲ ਵਿਚੋਂ ਹੀ, ਢਿਲੇ ਬੁਲੀ ਆਖਿਆ "ਮੈਂ ਤਾਂ ਬਾਪੂ ਅਜੇ ਪੜ੍ਹਨੈ।" ਤਾਂ ਪਿਓ ਨੇ ਜ਼ਰਾ ਕੋਸਾ ਹੋ ਕੇ

**International Journal of Research in Economics and Social Sciences(IJRESS)**
Available online at: http://euroasiapub.org
Vol. 8 Issue 4, April- 2018
ISSN(o): 2249-7382 | Impact Factor: 6.939
**(An open access scholarly, peer-reviewed, interdisciplinary, monthly, and fully refereed journal.)**

ਆਖਿਆ ਸੀ "ਟੱਬਰ ਦਾ ਢਿਡ ਵੀ ਕਿਵੇਂ ਤੋਰਨੈਂ। ਸਰਦਾਰ ਭੋਇ ਖੋਹਣ ਨੂੰ ਫਿਰਦੇ ਨੇ। ਭੈਣਾਂ ਤੇਰੀਆਂ ਮੁਟਿਆਰ ਬੈਠੀਆਂ ਨੇ.......।"[7]

(ਪੰਨਾ 105, ਸਤਰ 23, ਜਦੋਂ ਛੱਲੀਆਂ ਹਸੀਆਂ)

ਕਹਾਣੀ ਵਿਚ ਗਰੀਬ ਵਰਗ ਨਾਲ ਸੰਬੰਧਿਤ 'ਫਤਹਿ ਸਿੰਘ' ਵਡੇਰੀ ਉਮਰ ਕਾਰਨ ਖੇਤੀ ਕਰਨ ਦੇ ਯੋਗ ਨਹੀਂ ਰਿਹਾ, ਜਿਸ ਕਰਕੇ ਉਹ ਆਪਣੇ ਪੁੱਤਰ 'ਤੇਜੂ' ਦਾ ਪੂਰਾ ਸਹਿਯੋਗ ਮੰਗਦਾ ਹੈ ਪਰੰਤੂ 'ਤੇਜੂ' ਲਾਲ ਪਾਰਟੀ ਵਲੋਂ ਮੁਜ਼ਾਰਿਆ ਦੇ ਹੱਕ ਵਿਚ ਅਤੇ ਜਾਗੀਰਦਾਰੀ ਵਿਰੁੱਧ ਆਰੰਭੇ ਘੋਲ ਤੋਂ ਪ੍ਰਭਾਵਿਤ ਹੈ ਅਤੇ ਬੇਗਾਨੇ ਖੇਤਾਂ ਵਿਚ ਕੰਮ ਕਰਨ ਦੇ ਵਿਰੁੱਧ ਹੈ।

"ਪੁੱਤ, ਹੁਣ ਤੂੰ ਗੱਭਰੂ ਐਂ, ਕੁਛ ਸਮਝ ਕਰ, ਆਪਾਂ ਕਬੀਲਦਾਰ ਆਂ। ਚੱਲ, ਹਲ ਦੀ ਹੱਥੀ ਫੜ। ਪੜਕੇ ਤੈਨੂੰ ਕੀ ਵਜ਼ੀਰ ਬਣਾ ਦੇਣੈਂ ਕਿਸ ਨੇ।"[8]

(ਪੰਨਾ 106, ਸਤਰ 5, ਜਦੋਂ ਛੱਲੀਆਂ ਹਸੀਆਂ)

ਕਹਾਣੀ ਵਿਚ ਗਰੀਬ ਵਰਗ ਨਾਲ ਸੰਬੰਧਿਤ 'ਤੇਜੂ' ਪੜ੍ਹਣਾ ਚਾਹੁੰਦਾ ਹੈ ਪਰੰਤੂ ਪਿਤਾ ਵਲੋਂ ਉਸ ਨੂੰ ਨਾ ਪੜ੍ਹਨ ਤੋਂ ਹੋਰ ਦਬਾਇਆ ਜਾਂਦਾ ਹੈ। ਕਹਾਣੀ ਗਰੀਬ ਵਰਗ ਦੇ ਦਵੰਦ ਨੂੰ ਪੇਸ਼ ਕਰਦੀ ਹੈ ਜਿਸ ਅਧੀਨ ਗਰੀਬ ਵਰਗ ਦਾ ਪਾਤਰ ਗਰੀਬ ਵਰਗ ਨੂੰ ਹੋਰ ਦਬਾਉਣਾ ਚਾਹੁੰਦਾ ਹੈ। ਦਵੰਦ ਦੀ ਅਜਿਹੀ ਸਥਿਤੀ ਜਿੱਥੇ 'ਸਰਦਾਰ' ਤੇ ਗਰੀਬ ਵਰਗ ਦੇ 'ਫਤਹਿ' ਦਾ ਚਿੱਤਰ ਪੇਸ਼ ਕਰਦੀ ਹੈ ਉੱਥੇ ਦੂਜੇ ਪਾਸੇ ਗਰੀਬ ਵਰਗ ਵਲੋਂ ਆਪਣੇ ਹੀ ਵਰਗ ਦੇ ਲੋਕਾਂ ਨੂੰ ਦਬਾਇਆ ਜਾਂਦਾ ਹੈ।

"ਮਾਪੇ ਦਿਆ ਸਹੁਰਿਆ, ਮੁੰਡਾ ਤੇਰਾ ਫਿਰੇ ਮੁਸ਼ਟੰਡਿਆਂ ਨਾਲ ਲਾਲ ਝੰਡੇ ਉਡਾਉਂਦਾ,
ਤੇ ਤੂੰ ਸਾਡੇ ਸਿਰ ਉਤੇ ਮੌਜਾਂ ਲੁਟੇਂ? ਸਾਲੇ ਚੋਰ......ਕੁੱਤਿਓ, ਸਾਰੀ ਉਮਰ ਸਾਡਾ ਨੂਣ
ਖਾ ਕੇ ਹਰਾਮ ਕਰਨ ਲਗੇ ਓ? ਖਬਰਦਾਰ, ਜੇ ਕਲ੍ਹ ਤੋਂ ਮੇਰੀ ਭੋਂ ਵਿਚ ਪੈਰ ਧਰਿਐ....।"[9]

(ਪੰਨਾ 110, ਸਤਰ 6, ਜਦੋਂ ਛੱਲੀਆਂ ਹਸੀਆਂ)

'ਫਤਹਿ ਸਿੰਘ' ਦਾ ਪੁੱਤਰ 'ਤੇਜੂ' ਜਿਹੜਾ ਨਵੀਂ ਪੀੜ੍ਹੀ ਵਿਚੋਂ ਹੈ ਲਾਲ ਪਾਰਟੀ ਵਲੋਂ ਮੁਜ਼ਾਰਿਆ ਦੇ ਹੱਕ ਵਿਚ ਅਤੇ ਜਾਗੀਰਦਾਰੀ ਵਿਰੁੱਧ ਆਰੰਭੇ ਘੋਲ ਤੋਂ ਪ੍ਰਭਾਵਿਤ ਹੈ। ਜਲਸੇ ਵਿਚ ਉਸਦਾ ਸ਼ਾਮਿਲ ਹੋਣਾ 'ਸਰਦਾਰ' ਨੂੰ ਬਰਦਾਸ਼ਤ ਨਹੀਂ ਹੁੰਦਾ ਅਤੇ ਉਸ ਵਲੋਂ ਆਪਣੀ ਜ਼ਮੀਨ ਵਾਪਿਸ ਲੈਣ ਦਾ ਡਰਾਵਾ ਦਿੱਤਾ ਜਾਂਦਾ ਹੈ। 'ਫਤਹਿ ਸਿੰਘ' ਤੇ ਉਸਦੀ ਬਜ਼ੁਰਗ ਪੀੜ੍ਹੀ ਸਾਰੀ ਉਮਰ ਜਾਗੀਰਦਾਰਾਂ ਲਈ ਜ਼ਮੀਨਾਂ ਉੱਤੇ ਹੱਡ ਭੰਨਵੀਂ ਮਿਹਨਤ ਕਰਦੇ ਆ ਰਹੇ ਹਨ।

"ਖੰਘ ਕਿਵੇਂ ਜਾਏ ਉਹਦੀ ਧਰਤੀ ਉਤੇ ਕੋਈ ਕਮੀਣ-
ਉਹ ਘਿੰਡੀ ਉਤੇ ਪੈਰ ਧਰਕੇ ਗਰਦਨ ਤੋੜ ਦੇਵੇਗਾ।"[10]

(ਪੰਨਾ 109, ਸਤਰ 24, ਜਦੋਂ ਛੱਲੀਆਂ ਹਸੀਆਂ)

**International Journal of Research in Economics and Social Sciences(IJRESS)**
Available online at: http://euroasiapub.org
Vol. 8 Issue 4, April- 2018
ISSN(o): 2249-7382 | Impact Factor: 6.939
**(An open access scholarly, peer-reviewed, interdisciplinary, monthly, and fully refereed journal.)**

ਕਹਾਣੀ ਵਿਚਲਾ 'ਸਰਦਾਰ' ਉਸ ਸਮੇਂ ਤਕ ਖੁਸ਼ ਰਹਿੰਦਾ ਹੈ ਜਦੋਂ ਤਕ 'ਫਤਹਿ ਸਿੰਘ' ਉਹਨਾਂ ਲਈ ਕਮਾਉਂਦਾ ਹੈ ਪਰੰਤੂ ਜਦ ਇਸ ਗਰੀਬ ਵਰਗ ਵਿਚ ਥੋੜ੍ਹੀ ਬਹੁਤ ਸੁਚੇਤਨਾ ਆਉਣ ਲਗਦੀ ਹੈ ਤਾਂ ਇਹ ਸਭ ਵੇਖ ਕੇ 'ਸਰਦਾਰ' ਦੇ ਪੈਰ ਹਿਲ ਜਾਂਦੇ ਹਨ। 'ਤੇਜੂ' ਦੇ ਰੂਪ ਵਿਚ ਨਵੀਂ ਚੇਤੰਨ ਪੀੜ੍ਹੀ ਦਾ ਕਿਸਾਨ ਅਜਿਹਾ ਕਰਨ ਤੋਂ ਇਨਕਾਰੀ ਹੈ। ਇਸ ਪ੍ਰਕਾਰ 'ਸਰਦਾਰ' ਤੇ ਗਰੀਬ ਵਰਗ ਦੇ 'ਫਤਹਿ ਸਿੰਘ' ਵਿਚਕਾਰ ਦਵੰਦ ਦੀ ਸਥਿਤੀ ਪੈਦਾ ਹੁੰਦੀ ਹੈ। ਇਸੇ ਦਵੰਦ ਦੇ ਅੰਤਰਗਤ ਹੀ 'ਫਤਹਿ ਸਿੰਘ' ਨੂੰ 'ਸਰਦਾਰ' ਜ਼ਮੀਨ ਖੋਹਣ ਦੀਆਂ ਧਮਕੀਆਂ ਦਿੰਦਾ ਹੈ। ਕਹਾਣੀ ਵਿਚ 'ਸਰਦਾਰ' ਦੁਆਰਾ ਉਚਰਿਤ ਬੋਲ 'ਸਾਡੇ ਸਿਰ ਉਤੇ ਮੌਜਾਂ ਲੁਟਣਾ', 'ਸਾਰੀ ਉਮਰ ਸਾਡਾ ਨੂਣ ਖਾ ਕੇ', 'ਮੇਰੀ ਭੌਂ' ਆਦਿ ਸੰਪੰਨ ਸ਼੍ਰੇਣੀ ਨਾਲ ਸੰਬੰਧਿਤ ਮਰਦ ਪਾਤਰਾਂ ਦੀ ਭਾਸ਼ਾਈ ਵੱਖਰਤਾਂ ਨੂੰ ਸਾਕਾਰ ਕਰਦੇ ਹਨ।

'ਪਟਿਆਲੇ ਵਾਲਾ ਰਾਜਾ' ਕਹਾਣੀ ਮਹਾਰਾਜਾ ਭੁਪਿੰਦਰ ਸਿੰਘ ਦੇ ਗ਼ੈਰ ਅਖ਼ਲਾਕੀ ਤੇ ਦੇਸ਼ ਧ੍ਰੋਹੀ ਕਿਰਦਾਰ ਨੂੰ ਪੇਸ਼ ਕਰਦੀ ਕਹਾਣੀ ਹੈ। ਕਹਾਣੀ ਵਿਚ ਰਾਜੇ ਅਤੇ ਉਸਦੀਆਂ ਸ਼ਕਤੀਆਂ ਦੀ ਗੱਲ ਕੀਤੀ ਗਈ ਹੈ। ਪਟਿਆਲੇ ਸ਼ਹਿਰ ਉੱਤੇ ਰਾਜੇ ਦਾ ਸ਼ਾਸਨ ਹੁੰਦਾ ਹੈ ਤੇ ਸਾਰੀ ਪ੍ਰਜਾ ਉਸ ਅਧੀਨ ਕੰਮ ਕਰਦੀ ਹੈ। ਕਹਾਣੀ ਅਨੁਸਾਰ ਰਾਜੇ ਦਾ ਆਪਣੇ ਦੇਸ਼ ਲਈ ਕੋਈ ਮੋਹ ਨਹੀਂ ਹੈ। ਅੰਗਰੇਜ਼ਾਂ ਦੇ ਹਿੱਤਾਂ ਦੀ ਰਾਖੀ ਕਰਦਿਆਂ ਹੋਇਆ ਰਾਜਾ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਪੁੱਤਰ ਸਮਝਦਾ ਹੋਇਆ ਫ਼ਖ਼ਰ ਮਹਿਸੂਸ ਕਰਦਾ ਹੈ। ਪਟਿਆਲੇ ਵਿਚ ਰਾਜਾ ਕਾਂਗਰਸ ਨੂੰ ਫਟਕਣ ਨਹੀਂ ਦਿੰਦਾ ਹੈ ਅਤੇ ਅਕਾਲੀ ਲਹਿਰ ਪ੍ਰਤੀ ਵੀ ਨਫ਼ਰਤ ਭਰਿਆ ਰਵੱਈਆ ਰੱਖਦਾ ਹੈ। ਹੇਠਾਂ ਉਚਾਰੇ ਵਾਰਤਾਲਾਪ ਤੋਂ ਅਜਿਹੀ ਸਥਿਤੀ ਭਲੀਭਾਂਤ ਉਜਾਗਰ ਹੁੰਦੀ ਹੈ।

"ਫੂਕ ਦਊਂਗਾ ਤੇਲ ਪਾ ਕੇ, ਜੇ ਕੋਈ ਕਾਲੀ ਪੱਗ ਵਾਲਾ
ਮੇਰੀ ਰਿਆਸਤ ਵਿਚ ਨਜ਼ਰ ਆਇਐ।"[11]

(ਪੰਨਾ 69, ਸਤਰ 18, ਪਟਿਆਲੇ ਵਾਲਾ ਰਾਜਾ)

ਕਹਾਣੀ ਵਿਚ ਰਾਜਾ ਆਪਣੀ ਸ਼ਕਤੀਆਂ ਰਾਹੀਂ ਪੂਰੇ ਪਟਿਆਲੇ ਸ਼ਹਿਰ ਉੱਤੇ ਰਾਜ ਕਰਦਾ ਹੈ। ਕਹਾਣੀ ਵਿਚ ਰਾਜੇ ਦੀ ਪ੍ਰਜਾ ਅਧੀਨ ਹਰ ਵਰਗ ਦੇ ਲੋਕ ਸਰਮਾਏਦਾਰ, ਕਿਸਾਨ, ਦੁਕਾਨਦਾਰ, ਸ਼ਾਹੂਕਾਰ, ਨੀਵੇਂ ਵਰਗ ਨਾਲ ਸੰਬੰਧਿਤ ਆਉਂਦੇ ਹਨ ਜੋ ਰਾਜੇ ਦਾ ਬਹੁਤ ਸਤਿਕਾਰ ਕਰਦੇ ਹਨ। ਸਤਿਕਾਰ ਪ੍ਰਤੀ ਰਾਜੇ ਲਈ 'ਸਰਕਾਰ', 'ਮਹਾਰਾਜ' ਸ਼ਬਦ ਉਚਾਰੇ ਜਾਂਦੇ ਹਨ।

"ਸਰਕਾਰ ਆ ਗਈ! ਸਰਕਾਰ!"[12]

(ਪੰਨਾ 69, ਸਤਰ 10, ਪਟਿਆਲੇ ਵਾਲਾ ਰਾਜਾ)

"ਹਮਾਰੇ ਮਹਾਰਾਜ ਕੇ ਪਾਸ ਰੂਲਜਰੈਸ ਕਾਰ ਐ !
ਬਲੈਤ ਸੇ ਮੰਗਵਾਈ ਐ !"[13]

(ਪੰਨਾ 70, ਸਤਰ 8, ਪਟਿਆਲੇ ਵਾਲਾ ਰਾਜਾ)

ਕਹਾਣੀ ਵਿਚਲੀ ਪਟਿਆਲੇ ਸ਼ਹਿਰ ਦੀ ਪ੍ਰਜਾ ਰਾਜੇ ਦੀ ਅਮੀਰੀ ਨੂੰ ਆਪਣੀ ਸ਼ਾਨ ਸਮਝਦੀ ਹੈ। ਵਲਾਇਤ ਤੋਂ ਮੰਗਵਾਈ

ਕਾਰ ਜਾਂ ਹੋਰ ਸਮਾਨ ਪ੍ਰਤੀ ਪ੍ਰਜਾ ਵਿਚ ਬੜਾ ਚਾਅ ਹੈ। ਕਹਾਣੀ ਵਿਚ ਰਾਜਾ ਸ਼ਾਸ਼ਨ ਅਧੀਨ ਪ੍ਰਜਾਤੰਤਰ ਦੀ ਗੱਲ ਕਰਦਾ ਹੈ। ਪ੍ਰਜਾ ਦੁਆਰਾ ਉਚਾਰੇ ਗਏ ਸ਼ਬਦ 'ਸਰਕਾਰ', 'ਵਲੈਤ ਤੋਂ ਮੰਗਵਾਈਆਂ ਵੱਡੀਆਂ ਕਾਰਾਂ' ਆਦਿ ਉਚ ਸ਼ਾਸਕ ਵਰਗ ਦੇ ਰਾਜੇ ਦੀ ਅਮੀਰੀ ਨੂੰ ਬਿਆਨਦੇ ਹਨ। ਉਪਰੋਕਤ ਵਾਰਤਾਲਾਪ ਅਧੀਨ ਪ੍ਰਜਾ ਵਲੋਂ ਉਚਾਰੀ ਗਈ ਭਾਸ਼ਾ ਪੁਆਧੀ ਰੰਗਤ ਵਾਲੀ ਹੈ। ਕਹਾਣੀ ਵਿਚ ਪ੍ਰਜਾ ਅਧੀਨ ਹਾਲੀ, ਪਾਲੀ ਤੇ ਆਜੜੀ ਸਭ ਵਰਗਾਂ ਦੇ ਲੋਕ ਆਉਂਦੇ ਹਨ ਜਿਹਨਾਂ ਦੀ ਭਾਸ਼ਾ ਵਿਚੋਂ ਪੁਆਧੀ ਰੰਗ ਝਲਕਦਾ ਹੈ ਜਿਵੇਂ:- ਹਮਾਰੇ, ਕੇ, ਬਲੈਤ, ਸੇ, ਆਦਿ ਉਪਭਾਸ਼ਾਈ ਵਖਰਤਾ ਨੂੰ ਸਾਕਾਰ ਕਰਦੇ ਹਨ।

**ਵਿਪੰਨ ਸ਼੍ਰੇਣੀ ਨਾਲ ਸੰਬੰਧਿਤ ਮਰਦ ਪਾਤਰਾਂ ਦੀ ਭਾਸ਼ਾ:**

ਪ੍ਰਗਤੀਵਾਦੀ ਸੋਚ ਦੇ ਧਾਰਨੀ ਸੰਤੋਖ ਸਿੰਘ ਧੀਰ ਦੀਆਂ ਜ਼ਿਆਦਾਂ ਕਹਾਣੀਆਂ ਵਿਪੰਨ ਸ਼੍ਰੇਣੀ ਦੀ ਨਿਸ਼ਾਨਦੇਹੀ ਕਰਦੀਆਂ ਹਨ। ਨਿਰਮਲ ਸਿੰਘ ਆਜ਼ਾਦ ਅਨੁਸਾਰ, "ਪੰਜਾਬ ਦੇ ਪੇਂਡੂ-ਸਮਾਜ ਵਿਚ ਕਿਸਾਨ ਸਰਮਾਏਦਾਰੀ ਦੀ ਸਰਦਾਰੀ ਨੂੰ ਤੋੜਨਾ, ਖ਼ਤਮ ਕਰਨਾ ਅਤੇ ਇਸਦਾ ਬਦਲ ਲੱਭਣਾ ਇਸ ਤਰ੍ਹਾਂ ਦੇ ਛੇੜੇ ਜਮਾਤੀ ਸੰਘਰਸ਼ ਦਾ ਨਿਸ਼ਾਨਾ ਹੋਵੇਗਾ।"14 ਧੀਰ ਵੀ ਕਹਾਣੀਆਂ ਵਿਚਲੇ ਪਾਤਰਾਂ ਦੀ ਭਾਸ਼ਾ ਰਾਹੀਂ ਸਮਾਜ ਵਿਚ ਫੈਲੀ ਹੋਈ ਆਰਥਿਕ ਨਾ ਬਰਾਬਰੀ ਨੂੰ ਪੇਸ਼ ਕਰਦਾ ਹੈ। ਪਾਤਰਾਂ ਦੁਆਰਾ ਭਾਸ਼ਾ ਦੀ ਵਰਤੋਂ ਸਮਾਜਿਕ ਅਸਮਾਨਤਾਵਾਂ ਦੇ ਨਾਲ ਭਾਸ਼ਾਈ ਵਖਰੇਵਿਆਂ ਨੂੰ ਵੀ ਸਾਕਾਰ ਕਰਦੀ ਹੈ। ਭਾਸ਼ਾ ਸਮਾਜ ਦਾ ਅੰਗ ਹੈ ਜਿਸਦੀ ਵਰਤੋਂ ਹਰ ਸਮਾਜ ਦੇ ਵਿਅਕਤੀ ਵਲੋਂ ਕੀਤੀ ਜਾਂਦੀ ਹੈ। ਸਮਾਜਿਕ ਦਰਜਾਬੰਦੀ ਕਾਰਨ ਭਾਸ਼ਾਈ ਬਹੁਰੂਪਤਾ ਪੈਦਾ ਹੁੰਦੀ ਹੈ। ਧੀਰ ਦੀਆਂ ਕਹਾਣੀਆਂ ਵਿਚ ਵਿਪੰਨ ਸ਼੍ਰੇਣੀ ਨਾਲ ਸੰਬੰਧਿਤ ਮਰਦ ਪਾਤਰ ਅਜਿਹੀ ਭਾਸ਼ਾਈ ਵੱਖਰਤਾ ਨੂੰ ਸਾਕਾਰ ਕਰਦੇ ਹਨ।

'ਸਵੇਰ ਹੋਣ ਤਕ' ਕਹਾਣੀ ਵਿਚਲਾ 'ਚੰਨਣ ਸਿੰਘ' ਆਰਥਿਕ ਪੱਖੋਂ ਵਿਪੰਨ ਸ਼੍ਰੇਣੀ ਦੀ ਨਿਸ਼ਾਨਦੇਹੀ ਕਰਦਾ ਹੈ ਜੋ ਖੇਤਾਂ ਵਿਚ ਸਖ਼ਤ ਮਿਹਨਤ ਕਰਨ ਦੇ ਬਾਵਜੂਦ ਵੀ ਰੋਜ਼ਾਨਾ ਜੀਵਨ ਦੀ ਲੋੜਾਂ ਪੂਰੀਆਂ ਨਹੀਂ ਕਰ ਸਕਦਾ। ਕਹਾਣੀ ਵਿਚਲੇ ਪਾਤਰ 'ਚੰਨਣ ਸਿੰਘ' ਕੋਲ ਇਕ ਤਾਂ ਜ਼ਮੀਨ ਘੱਟ ਹੈ ਦੂਜਾ ਪੈਦਾਵਾਰੀ ਦੇ ਵੀ ਪੂਰੇ ਸੰਦ ਨਹੀਂ ਹਨ। ਆਧੁਨਿਕ ਮਸ਼ੀਨੀ ਯੁੱਗ ਵਿਚ ਜਿੱਥੇ ਖੇਤੀ ਦੇ ਸੰਦਾਂ ਵਿਚ ਵੀ ਤਬਦੀਲੀ ਆਈ ਹੈ ਬਲਦਾਂ ਦੀ ਥਾਂ ਟਰੈਕਟਰਾਂ ਨੇ ਲੈ ਲਈ ਹੈ ਉੱਥੇ ਘੱਟ ਜ਼ਮੀਨੇ 'ਚੰਨਣ ਸਿੰਘ' ਕੋਲ ਵਾਹੀ ਲਈ ਬਲਦ ਹੀ ਹਨ ਜਿਸ ਕਰਕੇ ਫਸਲ ਦੀ ਪੈਦਾਵਾਰ ਵੀ ਘੱਟ ਹੁੰਦੀ ਹੈ।

"ਓ ਮਖਾਂ ਹੁਣ ਕਾਹਨੂੰ ਰੱਖਣੀ ਐਂ-ਜੋਤਾ ਹੋਰ ਕੱਸ ਕੇ ਲਾ ਲਈਏ
ਇਕ ਤਾਂ ਬੌਲਦ ਨ੍ਹੀਂ ਤੁਰਦਾ ਸਾਲਾ, ਜਮਾ ਈ ਰਹਿ ਖੜਿਆ।"15

(ਪੰਨਾ 108, ਸਤਰ 14, ਸਵੇਰ ਹੋਣ ਤਕ)

'ਚੰਨਣ ਸਿੰਘ' ਦੇ ਬਲਦਾਂ ਨੂੰ ਮਾੜੀ ਆਰਥਿਕਤਾ ਕਾਰਨ ਪੂਰੀ ਖੁਰਾਕ ਵੀ ਨਹੀਂ ਮਿਲਦੀ, ਜਿਸ ਕਾਰਨ ਉਸਦੀ ਖੇਤੀ ਕਾਫ਼ੀ ਪਛੜ ਗਈ ਹੈ। 'ਚੰਨਣ ਸਿੰਘ' ਕਿਸਾਨ ਮਾੜੀ ਆਰਥਿਕਤਾ ਦਾ ਪ੍ਰਤੀਨਿੱਧ ਪਾਤਰ ਹੈ। 'ਚੰਨਣ ਸਿੰਘ' ਸੰਦਾਂ ਦੀ ਘਾਟ ਨੂੰ ਪੂਰਾ ਕਰਨਾ ਚਾਹੁੰਦਾ ਹੈ ਜਿਸ ਨਾਲ ਖੇਤੀ ਦੀ ਪੈਦਾਵਾਰ ਨੂੰ ਵੀ ਵਧਾਇਆ ਜਾ ਸਕੇ ਪਰੰਤੂ ਵਿਪੰਨ ਸ਼੍ਰੇਣੀ ਦੀ ਬੇਵਸੀ ਕਾਰਨ ਉਹ

ਕੁਝ ਨਹੀਂ ਕਰ ਸਕਦਾ।

"ਨਹੀਂ, ਦੁਆ ਲਾਖਾ, ਡਿੰਗ ਇ ਨ੍ਹੀ ਪੱਟਦਾ ਬਰਾਬਰ,

ਤਾਹੀਂ ਤਾਂ ਆਹ ਵੇਲਾ ਆ ਗਿਆ"

"ਭਾਈ ਖਰਾਕ ਦੀ ਗੱਲ ਐ ਸਾਰੀ...........।" ਘੁੱਦੇ ਨੇ ਰੱਬ ਲਗਦੀ ਆਖੀ।

"ਖੁਰਾਕ ਹੁਣ ਪਾਈ ਤਾਂ ਜਾਨੇ ਆਂ........ਜਿੰਨੀ ਪਰੋਕੋ ਐ....। ਚੰਨਣ ਦੀ ਵਾਜ ਵਿਚ ਬੇ-ਵਸੀ ਸੀ।"[16]

(ਪੰਨਾ 109, ਸਤਰ 7, ਸਵੇਰ ਹੋਣ ਤਕ)

ਰਾਤ ਵੇਲੇ ਥੱਕ ਟੁੱਟ ਕੇ ਜਦੋਂ ਉਹ ਸੌਣ ਲਗਦਾ ਹੈ ਤਾਂ ਅਗਲੇ ਦਿਨ ਦੀਆਂ ਜ਼ਰੂਰਤਾਂ ਦੀ ਫ਼ਿਕਰ, ਚਿੰਤਾਂ ਤੇ ਕੰਮ-ਕਾਰ ਉਸਨੂੰ ਚੈਣ ਨਾਲ ਸੌਣ ਨਹੀਂ ਦਿੰਦੇ। 'ਚੰਨਣ ਸਿੰਘ' ਦੇ ਜੀਵਨ ਵਿਚਲੀ ਤ੍ਰਾਸਦੀ ਹੇਠਾਂ ਉਚਾਰੇ ਵਾਰਤਾਲਾਪ ਤੋਂ ਭਲੀਭਾਂਤ ਸਪਸ਼ਟ ਹੁੰਦੀ ਹੈ।

"ਓ ਸਾਡੀ ਤਾਂ ਜੂਨ ਇ ਮਾੜੀ ਐ

ਨਾ ਦਿਨ ਨੂੰ ਚੈਨ, ਨਾ ਰਾਤ ਨੂੰ ਨੀਂਦ !

ਚੰਨਣ ਸਿੰਘ ਦੀਆਂ ਅੱਖਾਂ ਵਿਚ ਰੋੜ ਰੜਕ ਰਹੇ ਸਨ।"[17]

(ਪੰਨਾ 115, ਸਤਰ 14, ਸਵੇਰ ਹੋਣ ਤਕ)

ਮਾੜੀ ਆਰਥਿਕਤਾ ਕਾਰਨ 'ਚੰਨਣ ਸਿੰਘ' ਨੂੰ ਰਾਤ ਵੇਲੇ ਉਪਰ ਸੌਣ ਲਈ ਚੁਬਾਰਾ ਵੀ ਨਸੀਬ ਨਹੀਂ ਹੁੰਦਾ ਹੈ। ਬਰਸਾਤ ਦੇ ਮੌਸਮ ਵਿਚ ਵਾਰਿਸ਼ ਆਉਣ ਤੇ 'ਚੰਨਣ ਸਿੰਘ' ਦੀ ਸਾਰੀ ਰਾਤ ਮੰਜਾ ਕੋਠੇ ਤੋਂ ਥੱਲੇ ਤੇ ਥੱਲਿਓ ਉੱਪਰ ਚੜਾਉਂਦਿਆਂ ਹੀ ਲੰਘ ਜਾਂਦੀ ਹੈ। ਕਹਾਣੀ ਵਿਚਲੇ ਹੋਰ ਪਾਤਰ ਘਰਾਂ ਉੱਤੇ ਚੁਬਾਰੇ ਬਣਾਉਣ ਵਿਚ ਸਮਰੱਥ ਹਨ। ਕਿਉਂਕਿ ਉਹਨਾਂ ਦੀ ਆਰਥਿਕ ਸਥਿਤੀ 'ਚੰਨਣ ਸਿੰਘ' ਨਾਲੋਂ ਵਧੇਰੇ ਠੀਕ ਹੈ। 'ਚੰਨਣ ਸਿੰਘ' ਵਰਗੇ ਘੱਟ ਜ਼ਮੀਨੇ ਪਾਤਰ ਆਪਣਾ ਗੁਜ਼ਾਰਾ ਵੀ ਸਹੀ ਢੰਗ ਨਾਲ ਨਹੀਂ ਚਲਾ ਸਕਦੇ ਤੇ ਦੂਜਾ ਲੋੜੀਦੀਆਂ ਚੀਜ਼ਾਂ ਤੋਂ ਵੀ ਵਾਂਝੇ ਰਹਿ ਜਾਂਦੇ ਹਨ। ਚੰਨਣ ਸਿੰਘ ਤੇ ਘੁੱਦੇ ਦੇ ਬੋਲਾਂ ਵਿਚੋਂ ਵਿਪੰਨ ਸ਼੍ਰੇਣੀ ਨਾਲ ਸੰਬੰਧਿਤ ਬੇਵਸੀ ਦੀ ਭਾਸ਼ਾ ਸਾਕਾਰ ਹੁੰਦੀ ਹੈ ਜੋ ਹੇਠਾਂ ਉਚਾਰੇ ਵਾਰਤਾਲਾਪ ਵਿਚ ਵੇਖੀ ਜਾ ਸਕਦੀ ਹੈ।

"ਮੌਜਾਂ ਤਾਂ ਚਬਾਰਿਆਂ ਆਲੇ ਲੁਟਦੇ ਨੇ......।

ਚੀਨੀਆਂ ਦੇ ਚੁਬਾਰੇ ਵਿਚ ਦੀਵੇ ਦੀ ਲੋਅ ਦੇਖ ਕੇ ਘੁਦੇ ਨੇ ਈਰਖਾ ਨਾਲ ਕਿਹਾ।

ਘਰ ਦੀ ਤੰਗੀ ਬੁਰੀ। ਰਾਤ ਕਿੰਨੀ ਕੁ ਰਹਿੰਦੀ ਹੋਣੀ ਐ ਘੁਦਿਆ ਅਜੇ?"[18]

(ਪੰਨਾ 115, ਸਤਰ 16, ਸਵੇਰ ਹੋਣ ਤਕ)

ਉਪਰੋਕਤ ਕਹਾਣੀ ਅਧੀਨ ਆਏ ਵਾਰਤਾਲਾਪ ਬੇਵਸੀ ਦੀ ਭਾਸ਼ਾ ਨੂੰ ਉਘਾੜਦੇ ਹਨ। ਆਰਥਿਕ ਪਾੜੇ ਅਧੀਨ 'ਚੰਨਣ

ਸਿੰਘ' ਵਰਗੇ ਪਾਤਰਾਂ ਦੀ ਜ਼ਿੰਦਗੀ ਵਿਚ ਨਮੋਸ਼ੀ ਛਾਈ ਰਹਿੰਦੀ ਹੈ। ਅਜਿਹੀ ਸਥਿਤੀ ਅਧੀਨ ਰੋਜ਼ਾਨਾ ਜੀਵਨ ਦੀਆਂ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ ਹਨ। ਧੀਰ ਦੀਆਂ ਕਹਾਣੀਆਂ ਵਿਚਲੇ ਵਿਪੰਨ ਸ਼੍ਰੇਣੀ ਨਾਲ ਸੰਬੰਧਿਤ ਪਾਤਰ ਨਮੋਸ਼ੀ, ਬੇਵਸੀ ਆਦਿ ਸਥਿਤੀਆਂ ਦੇ ਸ਼ਿਕਾਰ ਹੁੰਦੇ ਹਨ।

ਆਧੁਨਿਕ ਦੌਰ ਵਿਚ ਮਸ਼ੀਨੀ ਆਵਾਜਾਈ ਦੇ ਸਾਧਨਾਂ ਦੇ ਆਉਣ ਨਾਲ ਜਿੱਥੇ ਮਸ਼ੀਨੀ ਯੁੱਗ ਵਿਚ ਪਰਿਵਰਤਨ ਆਇਆ ਹੈ ਉੱਥੇ ਹੱਥੀਂ ਕੰਮ ਕਰਨ ਵਾਲਿਆਂ ਦੇ ਰੁਜ਼ਗਾਰ ਨੂੰ ਵੀ ਸੱਟ ਲੱਗੀ ਹੈ। 'ਕੋਈ ਇਕ ਸਵਾਰ' ਕਹਾਣੀ ਇਸੇ ਤ੍ਰਾਸਦੀ ਨੂੰ ਪੇਸ਼ ਕਰਦੀ ਹੈ। ਕਹਾਣੀ ਵਿਚ ਸਮਾਜ ਦੇ ਮਿਹਨਤੀ ਲੋਕਾਂ ਦੀ ਹੋ ਰਹੀ ਦੁਰਦਸ਼ਾ ਨੂੰ ਬਿਆਨ ਕੀਤਾ ਹੈ। ਕਹਾਣੀ ਵਿਚਲਾ 'ਬਾਰੂ' ਤਾਂਗਾ ਚਲਾ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦਾ ਹੈ। 'ਬਾਰੂ' ਮਸਾਂ ਹੀ ਇਕ-ਇਕ ਕਰਕੇ ਸਵਾਰੀਆਂ ਇਕੱਠੀਆਂ ਕਰਕੇ ਤਾਂਗਾ ਭਰਦਾ ਹੈ, ਪਰ ਬੱਸ ਸਾਰੀਆਂ ਸਵਾਰੀਆਂ ਚੁੱਕ ਕੇ ਲੈ ਜਾਂਦੀ ਹੈ। ਆਪਣੀਆਂ ਸਵਾਰੀਆਂ ਨੂੰ ਹੱਥੋਂ ਖੁਸਦੀਆਂ ਦੇਖ ਕੇ 'ਬਾਰੂ' ਨਾਲ ਖੜ੍ਹੇ ਤਾਂਗੇ ਵਾਲੇ ਸਾਥੀ 'ਕੁੰਦਨ' ਨਾਲ ਗੁੱਸੇ ਭਰੇ ਰਵਈਏ ਨਾਲ ਬੋਲਦਾ ਹੈ।

"ਨਾਈਆਂ, ਨਾਈਆਂ -ਮੌਤ ਗੱਲਾਂ ਕਰੌਦੀ ਐ ਤੇਰੀ।
ਗੱਡੀ ਤਾਂ ਸੰਵਰਾ ਲਿਆ ਪਹਿਲਾ ਮਾਂ ਕੋਲੋ ਜਾ ਕੇ,
ਢੀਚਕੂੰ ਢੀਚਕੂੰ ਕਰਦੀਐ,
ਐਥੇ ਭੌਂਕੀ ਜਾਨੈ ਖੜ੍ਹਾ, ਗੁਟਾਰ ਜਾਤ..........।"[19]

(ਪੰਨਾ 30, ਸਤਰ 18, ਕੋਈ ਇਕ ਸਵਾਰ)

ਵਿਪੰਨ ਸ਼੍ਰੇਣੀ ਨਾਲ ਸੰਬੰਧਿਤ 'ਬਾਰੂ', 'ਕੁੰਦਨ' ਨੂੰ ਜਾਤੀਸੂਚਕ ਸ਼ਬਦਾਂ ਨਾਲ ਅਪਮਾਨਿਤ ਕਰਦਾ ਹੈ। ਸਵਾਰੀਆਂ ਖੁੱਸਣ ਮਗਰੋਂ ਜਿਹੜੀ ਹਾਲਤ 'ਬਾਰੂ' ਦੀ ਹੈ ਉਹੋ ਹਾਲਤ ਹੀ 'ਕੁੰਦਨ' ਤੇ ਹੋਰ ਤਾਂਗੇ ਵਾਲਿਆਂ ਦੀ ਹੈ। 'ਬਾਰੂ' ਵਲੋਂ ਜਦੋਂ ਸਵਾਰੀਆਂ ਨੂੰ ਤਾਂਗੇ ਲਈ ਹੋਕਾ ਦਿੱਤਾ ਜਾਂਦਾ ਹੈ ਤਾਂ 'ਕੁੰਦਨ' ਵੀ ਸਵਾਰੀਆਂ ਨੂੰ ਆਪਣੇ ਵੱਲ ਖਿੱਚਣ ਲਈ ਉੱਚੀ-ਉੱਚੀ ਹੋਕੇ ਦਿੰਦਾ ਹੈ ਜਿਸ ਦੌਰਾਨ ਦੋਹਾਂ ਵਿਚ ਤਾਂਗੇ ਦੀ ਮਾੜੀ ਸਥਿਤੀ ਨੂੰ ਵੀ ਉਚਾਰਿਆ ਗਿਆ ਹੈ ਜੋ ਵਿਪੰਨ ਸ਼੍ਰੇਣੀ ਨਾਲ ਸੰਬੰਧਿਤ ਪਾਤਰਾਂ ਦੀ ਤ੍ਰਾਸਦੀ ਨੂੰ ਬਿਆਨਦੀ ਹੈ।

"ਪਹੀਏ ਦੇ ਗਜ਼ਾਂ ਵਿਚੋਂ ਲੰਘਾ ਦੂੰ ਸਾਲੇ ਨੂੰ ਤੀਹਰਾ ਕਰਕੇ।
ਓ ਮਖਾਂ ਮਿਟ ਜਾ ਤੂੰ, ਮਿਟ ਜਾ ਨਾਈਆਂ !
ਲਹੂ ਦਾ ਤੁਬਕਾ ਨ੍ਹੀ ਡੁਲ੍ਹਣ ਦਊਂਗਾ ਭੁੰਜੇ-ਸੀਰਮੇ ਪੀ ਜੂੰ।"[20]

(ਪੰਨਾ 31, ਸਤਰ 13, ਕੋਈ ਇਕ ਸਵਾਰ)

"ਮਖਾਂ ਅਟਕਣਾ ਨ੍ਹੀ ਆਪਾਂ ਨੇ ਲੰਬੜਦਾਰਾਂ, ਬਸ ਇਕ ਸਵਾਰ ਦੀ ਝਾਕ ਐ-ਆ ਗਿਆ, ਚੰਗਾ, ਨਹੀਂ ਤੁਰ

**International Journal of Research in Economics and Social Sciences(IJRESS)**
Available online at: http://euroasiapub.org
Vol. 8 Issue 4, April- 2018
ISSN(o): 2249-7382 | Impact Factor: 6.939
**(An open access scholarly, peer-reviewed, interdisciplinary, monthly, and fully refereed journal.)**

ਪਾਂਗੇ।" ਬਾਰੂ ਨੇ ਦਿਲ ਧਰਾਇਆ।[21]

(ਪੰਨਾ 29, ਸਤਰ 8, ਕੋਈ ਇਕ ਸਵਾਰ)

ਕਹਾਣੀ ਵਿਚਲਾ 'ਬਾਰੂ' ਇਕ-ਇਕ ਸਵਾਰੀ ਦੀ ਉਡੀਕ ਵਿਚ ਪਹਿਲਾਂ ਬੈਠੀਆਂ ਸਵਾਰੀਆਂ ਨੂੰ ਵੀ ਸਮੇਂ ਤੋਂ ਵੱਧ ਇੰਤਜ਼ਾਰ ਕਰਵਾਉਂਦਾ ਹੈ। ਅਜਿਹਾ ਕਰਨ ਪਿੱਛੇ ਉਸਦੀ ਮਾੜੀ ਆਰਥਿਕਤਾ ਮੁੱਖ ਕਾਰਨ ਹੈ। ਸਵਾਰੀ ਦੀ ਉਡੀਕ ਸਮੇਂ ਬਾਰੂ ਦੇ ਬੋਲਾਂ ਵਿਚ ਬੇਵਸੀ ਤੇ ਨਮੋਸ਼ੀ ਦੀ ਭਾਸ਼ਾ ਸਾਫ਼ ਝਲਕਦੀ ਦਿਖਾਈ ਦਿੰਦੀ ਹੈ।

'ਡਾਕੂ' ਆਰਥਿਕ ਨਾ ਬਰਾਬਰੀ ਨੂੰ ਪੇਸ਼ ਕਰਦੀ ਕਹਾਣੀ ਹੈ। ਕਹਾਣੀ ਵਿਚਲੇ ਨਵੀਂ ਪੀੜ੍ਹੀ ਦੇ ਨੌਜਵਾਨ ਜੋ ਵਿਪੰਨ ਸ਼੍ਰੇਣੀ ਨਾਲ ਸੰਬੰਧਿਤ ਹਨ ਕਿਸਾਨ ਸਭਾਵਾਂ ਤੋਂ ਵਧੇਰੇ ਪ੍ਰਭਾਵਿਤ ਹਨ। ਉਹ ਫਸਲਾਂ ਤੇ ਜ਼ਮੀਨ 'ਤੇ ਆਪਣਾ ਅਧਿਕਾਰ ਸਮਝਦੇ ਹਨ। ਸੰਪੰਨ ਸ਼੍ਰੇਣੀ ਨਾਲ ਸੰਬੰਧਿਤ ਪਿੰਡ ਦੇ ਜਾਗੀਰਦਾਰ ਕਿਰਤੀ, ਕਾਮਿਆਂ ਤੋਂ ਆਪਣੇ ਖੇਤਾਂ ਵਿਚ ਜ਼ਬਰੀ ਕੰਮ ਕਰਵਾਉਂਦੇ ਹਨ। ਪੁਰਾਣੀ ਪੀੜ੍ਹੀ ਨਾਲ ਸੰਬੰਧਿਤ ਵਿਪੰਨ ਸ਼੍ਰੇਣੀ ਦੇ ਲੋਕ ਜਾਗੀਰਦਾਰਾਂ ਦੀ ਅਧੀਨਤਾ ਨੂੰ ਮਜ਼ਬੂਰੀ ਵਸ ਸਵੀਕਾਰ ਕਰਦੇ ਹਨ ਪਰੰਤੂ ਨਵੀਂ ਪੀੜ੍ਹੀ ਦੇ ਨੌਜਵਾਨ ਇਹਨਾਂ ਦਾ ਡੱਟ ਕੇ ਮੁਕਾਬਲਾ ਕਰਦੇ ਹਨ। ਜਗੀਰਦਾਰਾਂ ਦੇ ਖੇਤਾਂ ਵਿਚ ਉਗਾਈ ਫ਼ਸਲ ਨੂੰ ਹੁਣ ਨੌਜਵਾਨ ਆਪਣੀ ਸਮਝਦੇ ਹਨ ਜੋ ਹੱਡ ਭੰਨਣੀ ਮਿਹਨਤ ਕਰਕੇ ਪੈਦਾ ਕੀਤੀ ਹੈ।

"ਤੇ ਔਹ-ਪੱਛਮ ਦੀ ਹਵਾ ਮੁਸਕਰਾਂਦੀਆਂ ਬੱਲੀਆਂ..........
ਸਾਡੀਆਂ ਹਨ। ਉਹਨਾਂ ਦੇ ਬੁਲਾਂ ਵਿਚ ਹਸਦਾ ਇਕ ਇਕ ਦਾਣਾ ਸਾਡਾ ਹੈ।
ਅਸੀ ਕਿਸੇ ਨੂੰ ਇਹਨਾਂ ਦਾਣਿਆਂ ਵਲ ਝਾਕਣ ਨਹੀਂ ਦਿਆਂਗੇ।
ਇਹ ਸਾਡੀ ਹਿਕ ਉਤੇ ਉਗੇ ਹਨ।"[22]

(ਪੰਨਾ 60, ਸਤਰ 17, ਡਾਕੂ)

ਕਹਾਣੀ ਵਿਚਲੇ ਨੌਜਵਾਨ ਸੰਪੰਨ ਸ਼੍ਰੇਣੀ ਦੀ ਅਧੀਨਤਾ ਨੂੰ ਸਵੀਕਾਰ ਨਹੀਂ ਕਰਦੇ। ਉਹਨਾਂ ਵਿਚਲੀ ਜਾਗੀ ਚੇਤਨਾ ਜਵਾਲਾਮੁਖੀ ਵਾਂਗ ਫੁੱਟਦੀ ਹੈ ਜੋ ਇਕ ਜਲਸੇ ਦਾ ਰੂਪ ਧਾਰਨ ਕਰ ਲੈਂਦੀ ਹੈ। ਵਿਪੰਨ ਸ਼੍ਰੇਣੀ ਨਾਲ ਸੰਬੰਧਿਤ ਨੌਜਵਾਨਾਂ ਵਿਚ ਚੇਤਨਾਮਈ ਭਾਸ਼ਾ ਉਜਾਗਰ ਹੁੰਦੀ ਹੈ।

'ਕਮੀਣ' ਕਹਾਣੀ ਵਿਪੰਨ ਸ਼੍ਰੇਣੀ ਨਾਲ ਹੁੰਦੀ ਵਧੀਕੀਆਂ ਨੂੰ ਪੇਸ਼ ਕਰਦੀ ਹੈ। ਕਹਾਣੀ ਦਾ ਮੁੱਖ ਪਾਤਰ ਸੁੰਦਰ ਸਿੰਘ ਕਮੀਣ ਆਖੇ ਜਾਣ ਕਾਰਨ ਹੀਣ ਭਾਵਨਾ ਅਧੀਨ ਆਪਣੇ ਆਪ ਨੂੰ ਨੀਵਾਂ ਖਿਆਲ ਕਰਦਾ ਹੈ, ਛੋਟਾ ਸਮਝਦਾ ਹੈ। ਲੋਟੂ ਸਮਾਜ ਵਿਚ ਦਸਾਂ ਨੌਂਹਾ ਦੀ ਕਿਰਤ ਕਮਾਈ ਕਰਨ ਵਾਲੇ ਲੋਕਾਂ ਨੂੰ ਕੰਮੀ ਕਮੀਣ ਆਖ ਕੇ ਬੁਲਾਇਆ ਜਾਂਦਾ ਹੈ। ਕਹਾਣੀ ਵਿਚਲੇ ਹੇਠ ਲਿਖੇ ਸੰਵਾਦ ਤੋਂ ਅਜਿਹੀ ਸਥਿਤੀ ਸਪਸ਼ਟ ਹੁੰਦੀ ਹੈ।

"ਕੀ ਉਹਦੇ ਪਿੰਡ, ਕੀ ਮੰਡੀ, ਕੀ ਜਿੱਥੇ ਕਦੇ ਉਹ ਗਿਆ

ਕੰਮ ਕਰਨ ਵਾਲਿਆਂ ਨੂੰ ਸਭ ਕਮੀਣ ਹੀ ਤਾਂ ਸਮਝਦੇ ਹਨ।"[23]

(ਪੰਨਾ 95, ਸਤਰ 23, ਕਮੀਣ)

ਆਰਥਿਕ ਵਰਗ ਵੰਡ ਅਧੀਨ ਸੰਪੰਨ ਸ਼੍ਰੇਣੀ ਮੁੱਢ ਤੋਂ ਹੀ ਵਿਪੰਨ ਸ਼੍ਰੇਣੀ ਨੂੰ ਆਪਣੇ ਅਧੀਨ ਰੱਖਦੀ ਆਈ ਹੈ। ਸੁੰਦਰ ਸਿੰਘ ਅਨੁਸਾਰ ਸੰਪੰਨ ਸ਼੍ਰੇਣੀ ਦੀ ਔਲਾਦ ਨੂੰ ਉਹ ਆਪਣੇ ਹੱਥਾਂ ਵਿਚ ਪਾਲ-ਪੋਸ ਕੇ ਵੱਡਾ ਕਰਦੇ ਹਨ ਜੋ ਵੇਖਦੇ ਹੀ ਵੇਖਦੇ ਵੱਡੇ-ਵੱਡੇ ਜਗੀਰਦਾਰਾਂ, ਚੌਧਰੀਆਂ ਦੇ ਰੂਪ ਵਿਚ ਉਹਨਾਂ ਉੱਤੇ ਹੀ ਰੋਹਬ ਝਾੜਦੇ ਹਨ। ਸੰਪੰਨ ਸ਼੍ਰੇਣੀ ਦੁਆਰਾ ਵੱਡੇ-ਵੱਡੇ ਕਾਰਖਾਨੇ ਸੁੰਦਰ ਸਿੰਘ ਵਰਗੇ ਵਿਪੰਨ ਸ਼੍ਰੇਣੀ ਦੇ ਲੋਕਾਂ ਦਾ ਖੂਨ ਚੂਸ ਕੇ ਸਥਾਪਿਤ ਕੀਤੇ ਜਾਂਦੇ ਹਨ। ਹੇਠ ਲਿਖੇ ਸੰਵਾਦ ਤੋਂ 'ਸੁੰਦਰ ਸਿੰਘ' ਦੇ ਬੋਲਾਂ ਤੋਂ ਉਲਾਂਭੇ ਭਰਪੂਰ ਭਾਸ਼ਾ ਸਾਕਾਰ ਹੁੰਦੀ ਹੈ।

"ਹੂੰ ਲਗਦੇ ਚੌਧਰਾਂ ਦੇ, ਜੰਮਦੇ ਪਿਛੋਂ ਨੇ, ਚੌਧਰੀ ਪਹਿਲਾਂ।
ਇਹ ਲੱਖ ਮਾਂ ਦੇ ਚੌਧਰੀ ਸਹੀ ਮੇਰੇ ਤਾਂ ਹੱਥਾਂ ਵਿਚ ਜੰਮੇ ਨੇ
ਮੰਡੀ ਮੇਰੀਆਂ ਅੱਖਾਂ ਸਾਹਮਣੇ ਦੇਖਦੇ ਦੇਖਦੇ ਬਣੀ ਐ।"[24]

(ਪੰਨਾ 102, ਸਤਰ 10, ਕਮੀਣ)

'ਸੁੰਦਰ ਸਿੰਘ' ਕਿੱਤੇ ਵਜੋਂ ਦਰਜੀ ਹੈ ਜਿਸਦੀ ਆਰਥਿਕ ਹਾਲਤ ਹੱਡ-ਭੰਨਵੀਂ ਮਿਹਨਤ ਦੇ ਬਾਵਜੂਦ ਵੀ ਤਰਸਯੋਗ ਹੈ। 'ਸੁੰਦਰ' ਵਲੋਂ ਦਰਜੀ ਦੇ ਕਿੱਤੇ ਨਾਲ ਪਰਿਵਾਰ ਦਾ ਗੁਜ਼ਾਰਾ ਵੀ ਮੁਸ਼ਕਿਲ ਨਾਲ ਚਲਦਾ ਹੈ। ਪੈਂਹਠ ਵਰ੍ਹਿਆਂ ਦਾ ਹੋ ਕੇ ਵੀ ਸੁੰਦਰ ਮਸ਼ੀਨ ਚਲਾਉਣੀ ਨਹੀਂ ਛੱਡਦਾ। ਮਾੜੀ ਆਰਥਿਕ ਸਥਿਤੀ ਵਡੇਰੀ ਉਮਰ ਵਿਚ ਵੀ 'ਸੁੰਦਰ ਸਿੰਘ' ਨੂੰ ਮਸ਼ੀਨ ਚਲਾਉਣ ਲਈ ਮਜ਼ਬੂਰ ਕਰਦੀ ਹੈ।

"ਜੇ ਮਸ਼ੀਨ ਵਾਹੁਣੀ ਛਡ ਦਿਆਂ, ਸੰਝ ਨੂੰ ਪੰਦਰਾਂ ਜੀ ਭੁਖੇ ਮਰ ਜਾਣ।"[25]

(ਪੰਨਾ 99, ਸਤਰ 15, ਕਮੀਣ)

ਵਿਪੰਨ ਸ਼੍ਰੇਣੀ ਨਾਲ ਸੰਬੰਧਿਤ ਲੋਕਾਂ ਨੂੰ ਆਰਥਿਕ ਨਾ ਬਰਾਬਰੀ ਦਾ ਜੋ ਸਾਹਮਣਾ ਕਰਨਾ ਪੈਂਦਾ ਹੈ ਉਸਦਾ ਪ੍ਰਗਟਾਵਾ ਕਹਾਣੀ ਵਿਚ ਹੋਇਆ ਹੈ। ਕਹਾਣੀ ਵਿਚ ਵਿਪੰਨ ਸ਼੍ਰੇਣੀ ਨਾਲ ਸੰਬੰਧਿਤ 'ਸੁੰਦਰ ਸਿੰਘ' ਦੇ ਬੋਲਾਂ ਵਿਚੋਂ ਬੇਵਸੀ ਦੀ ਭਾਸ਼ਾ ਸਾਕਾਰ ਹੁੰਦੀ ਹੈ।

ਕਹਾਣੀਆਂ ਵਿਚ ਪੇਸ਼ ਮਰਦ ਪਾਤਰਾਂ ਦੀ ਭਾਸ਼ਾ ਦਾ ਸਮਾਜੀ ਵਿਸ਼ਲੇਸ਼ਣ ਸੰਪੰਨ ਸ਼੍ਰੇਣੀ ਤੇ ਵਿਪੰਨ ਸ਼੍ਰੇਣੀ ਆਧਾਰਿਤ ਕੀਤਾ ਗਿਆ ਹੈ ਜਿਸ ਅਧੀਨ ਮਰਦ ਪਾਤਰਾਂ ਦੀ ਭਾਸ਼ਾ ਵਿਚ ਬਹੁਰੂਪਤਾ ਦ੍ਰਿਸ਼ਟੀਗੋਚਰ ਹੁੰਦੀ ਹੈ। ਕਹਾਣੀਆਂ ਵਿਚ ਸੰਪੰਨ ਸ਼੍ਰੇਣੀ ਨਾਲ ਸੰਬੰਧਿਤ ਪਾਤਰਾਂ ਵਿਚ ਰੋਅਬ, ਹਕੂਮਤ ਵਾਲੀ ਭਾਸ਼ਾ ਝਲਕਦੀ ਹੈ ਜਦੋਂ ਕਿ ਵਿਪੰਨ ਸ਼੍ਰੇਣੀ ਨਾਲ ਸੰਬੰਧਿਤ ਪਾਤਰਾਂ ਵਿਚ ਬੇਵਸੀ, ਨਮੋਸ਼ੀ, ਉਲਾਂਭੇ ਭਰਪੂਰ ਭਾਸ਼ਾ ਉਜਾਗਰ ਹੁੰਦੀ ਹੈ। ਧੀਰ ਦੀਆਂ ਕਹਾਣੀਆਂ ਵਿਚ ਮਰਦ ਪਾਤਰਾਂ ਦੁਆਰਾ ਉਚਾਰੀ ਗਈ ਭਾਸ਼ਾ

International Journal of Research in Economics and Social Sciences(IJRESS)
Available online at: http://euroasiapub.org
Vol. 8 Issue 4, April- 2018
ISSN(o): 2249-7382 | Impact Factor: 6.939
(An open access scholarly, peer-reviewed, interdisciplinary, monthly, and fully refereed journal.)

ਰਾਹੀਂ ਪੰਜਾਬੀ ਸਮਾਜ ਦੇ ਭਿੰਨ-ਭਿੰਨ ਸ਼੍ਰੇਣੀ ਪੱਧਰਾਂ ਦੇ ਪੱਖ ਤੋਂ ਭਾਸ਼ਾਈ ਵੰਨ-ਸੁਵੰਨਤਾ ਨਜ਼ਰ ਆਉਂਦੀ ਹੈ। ਭਾਸ਼ਾ ਦੀ ਜੁਗਤ ਨੂੰ ਸਮਾਜ ਨਾਲ ਜੋੜ ਕੇ ਅਜਿਹੀ ਭਾਸ਼ਾ ਬਹੁਰੂਪਤਾ ਨੂੰ ਵੇਖਿਆ ਜਾ ਸਕਦਾ ਹੈ। ਹਥਲੇ ਖੋਜ ਪੱਤਰ ਵਿਚ ਧੀਰ ਦੀਆਂ ਕਹਾਣੀਆਂ ਵਿਚਲੇ ਮਰਦ ਪਾਤਰਾਂ ਦੇ ਭਾਸ਼ਾਈ ਵਖਰੇਵਿਆਂ ਦਾ ਸਮਾਜੀ ਅਧਿਐਨ ਕੀਤਾ ਗਿਆ ਹੈ।

**International Journal of Research in Economics and Social Sciences(IJRESS)**
Available online at: http://euroasiapub.org
Vol. 8 Issue 4, April- 2018
ISSN(o): 2249-7382 | Impact Factor: 6.939
**(An open access scholarly, peer-reviewed, interdisciplinary, monthly, and fully refereed journal.)**

## ਹਵਾਲੇ ਅਤੇ ਟਿਪਣੀਆਂ

1. ਨਾਮਵਰ ਸਿੰਘ, *ਇਤਿਹਾਸ ਔਰ ਆਲੋਚਨਾ*, ਰਾਜਕਮਲ ਪ੍ਰਕਾਸ਼ਨ, ਦਿੱਲੀ, 1978, ਪੰਨਾ-44
2. ਹੰਜਰਾਅ, ਜਸਪਾਲ ਸਿੰਘ, *ਸੰਤੋਖ ਸਿੰਘ ਧੀਰ ਦੀਆਂ ਕਹਾਣੀਆਂ ਵਿਚ ਪ੍ਰਗਤੀਵਾਦ*, ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ, 2002, ਪੰਨਾ-14
3. ਖਾਹਰਾ, ਸੁਖਦੇਵ ਸਿੰਘ, *ਪੰਜਾਬੀ ਨਾਵਲ ਵਿਚ ਸਾਂਸਕ੍ਰਿਤਿਕ ਚੇਤਨਾ*, ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1988, ਪੰਨਾ-33
4. ਤਰਸੇਮ, ਅਮਰ, *ਪੰਜਾਬੀ ਨਾਵਲ: ਸ੍ਰੇਣੀ-ਸ਼ਾਸਤਰੀ ਪਰਿਪੇਖ*, ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ, 2006, ਪੰਨਾ-9
5. ਆਜ਼ਾਦ, ਨਿਰਮਲ ਸਿੰਘ, *ਪੰਜਾਬ ਦੀ ਆਰਥਕਤਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983, ਪੰਨਾ-197
6. ਧੀਰ, ਸੰਤੋਖ ਸਿੰਘ, *ਸਿੱਟਿਆਂ ਦੀ ਛਾਂ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1950, ਪੰਨਾ-105
7. ਉਹੀ, ਪੰਨਾ-105
8. ਉਹੀ, ਪੰਨਾ-106
9. ਉਹੀ, ਪੰਨਾ-110
10. ਉਹੀ, ਪੰਨਾ-109
11. ਧੀਰ, ਸੰਤੋਖ ਸਿੰਘ, *ਸ਼ਰਾਬ ਦਾ ਗਲਾਸ*, ਆਰਸੀ ਪਬਲਿਸ਼ਰਜ਼, ਦਿੱਲੀ, 2005 ਪੰਨਾ-69
12. ਉਹੀ, ਪੰਨਾ-69
13. ਉਹੀ, ਪੰਨਾ-70
14. ਆਜ਼ਾਦ, ਨਿਰਮਲ ਸਿੰਘ, *ਪੰਜਾਬ ਦੀ ਆਰਥਕਤਾ*, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 1983, ਪੰਨਾ-197
15. ਧੀਰ, ਸਤੋਖ ਸਿੰਘ, *ਸਵੇਰ ਹੋਣ ਤਕ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1955, ਪੰਨਾ-108
16. ਉਹੀ, ਪੰਨਾ-109
17. ਉਹੀ, ਪੰਨਾ-115
18. ਉਹੀ, ਪੰਨਾ-115
19. ਧੀਰ, ਸੰਤੋਖ ਸਿੰਘ, *ਸਵੇਰ ਹੋਣ ਤਕ*, ਲਾਹੌਰ ਬੁਕ ਸ਼ਾਪ, ਲੁਧਿਆਣਾ, 1955 ਪੰਨਾ-30

**International Journal of Research in Economics and Social Sciences(IJRESS)**
Available online at: http://euroasiapub.org
Vol. 8 Issue 4, April- 2018
ISSN(o): 2249-7382 | Impact Factor: 6.939
**(An open access scholarly, peer-reviewed, interdisciplinary, monthly, and fully refereed journal.)**

20. ਉਹੀ, ਪੰਨਾ-31
21. ਉਹੀ, ਪੰਨਾ-29
22. ਧੀਰ, ਸੰਤੋਖ ਸਿੰਘ, *ਸਿੱਟਿਆਂ ਦੀ ਛਾਂ*, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1950, ਪੰਨਾ-60
23. ਉਹੀ, ਪੰਨਾ-95
24. ਉਹੀ, ਪੰਨਾ-102
25. ਉਹੀ, ਪੰਨਾ-99